# ਰੂਹ ਮੇਰੇ ਪੰਜਾਬ ਦੀ

(7 ਅਪ੍ਰੈਲ 1968 ਨੂੰ ਮਨਾਏ ਗਏ ਪਹਿਲੇ ਰੋਜ਼ ਫੈਸਟੀਵਲ, ਚੰਡੀਗੜ੍ਹ ਸਮੇਂ ਪੜ੍ਹੀ ਗਈ ਸਨਮਾਨਿਤ ਕਵਿਤਾ)

ਜਦ ਰੂਹ ਮੇਰੇ ਪੰਜਾਬ ਦੀ,
ਛੁਪ ਬੈਠੀ ਏਸ ਮੈਦਾਨ।
ਉਹਨੂੰ ਲੱਭਣ ਖੋਜੀ ਚੜ੍ਹ ਪਏ,
ਮੇਰੇ ਬੰਦੇ ਸੁਘੜ ਸੁਜਾਨ।

ਆ ਪੈੜਾਂ ਲੱਭੀਆਂ ਮਾਹਿਰਾਂ,
ਲਾ ਲਾ ਲੱਖ ਅਨੁਮਾਨ।
ਇਹਦਾ ਰੂਪ ਤਸੱਵਰ ਤੱਕ ਕੇ,
ਸਭ ਚੱਕਰ ਲੱਗੇ ਖਾਣ।

ਇਹ ਝਲਕ ਅਨੋਖੇ ਹੁਸਨ ਦੀ,
ਸਾਡੀ ਕਰ ਗਈ ਨੀਂਦ ਹੈਰਾਨ।
ਅਸਾਂ ਸੱਦਿਆ ਲੀ ਕਾਰਬੂਜ਼ੀਅਰ',
ਉਸ ਲੀਤੀ ਮਰਜ਼ ਪਛਾਣ।

ਉਹ ਮਾਲਕ ਸੁੱਚੀ ਕਲਾ ਦਾ,
ਉਹਦੇ ਚਰਚੇ ਵਿਚ ਜਹਾਨ।
ਉਸ ਫੜਿਆ ਤੇਸਾ ਅਕਲ ਦਾ,
ਤੇ ਲੱਗਾ ਨਕਸ਼ ਬਨਾਣ।

ਉਹਦੇ ਨਾਲ ਮੇਰੇ ਇੰਜੀਨੀਅਰ,
ਇਹਨੂੰ ਜੁਟ ਗਏ ਘੜਨ-ਘੜਾਨ।

ਹੁਣ ਹੋ ਗਈ ਮੁਟਿਆਰ ਇਹ,
ਤੇ ਅੱਜ ਚੜ੍ਹੀ ਪਰਵਾਨ।

ਇਹਨੂੰ ਚੁੰਨੀ ਦਏ ਹਿਮਾਲੀਆ,
ਹੱਥ ਸਿਰ 'ਤੇ ਰੱਖੇ ਆਣ।
ਇਹਦੇ ਨੈਣ ਕਟੋਰੇ ਝੀਲ ਦੇ,
ਅੱਜ ਉਡਦੇ ਪੰਛੀ ਫਾਹਣ।

ਇਹਦੀ ਜ਼ੁਲਫ ਦੀ ਛਾਂਵੇਂ ਖੇਡਦੇ,
ਮੇਰੇ ਸੈਕਟਰੀਏਟ, ਵਿਧਾਨ।
ਇਹਦਾ ਮੋਹ ਰੰਧਾਵਾ[2] ਸਾਹਿਬ ਨੂੰ,
ਇਹਦੇ ਖਿਚ ਲਿਆਇਆ ਪਾਸ।

ਉਸ ਜਿਉਂ ਜਿਉਂ ਚੁੰਮਿਆ ਏਸ ਨੂੰ,
ਇਹਦੀ ਤਿਉਂ ਤਿਉਂ ਨਿੱਖਰੀ ਆਸ।
ਇਹਦੀ ਮਾਂਗ ਭਰੀ ਗੁਲਮੋਹਰ ਨੇ,
ਇਹਦੇ ਕੰਨੀਂ ਅਮੁਲਤਾਸ।

ਮੱਥੇ ਬਿੰਦੀ ਲਾਏ ਰਸੀਲੀਆ,
ਇਹਨੂੰ ਸ਼ੀਸ਼ਾ ਦਏ ਅਕਾਸ।
ਇਹਦੇ ਬੁੱਲ੍ਹੀਂ ਲੱਗ ਰੁਕਮੰਜਨੀ,
ਇਕ ਰੰਗ ਭਰੇਂਦੀ ਖਾਸ।

ਇਹਦੀ ਵੀਣੀ ਚੂੜਾ ਕੈਸੀਆ,
ਤੱਕ ਮਜਨੂੰ ਭਏ ਉਦਾਸ।
ਇਹਦੀ ਝਾਂਜਰ ਫਲੀ ਸ਼ਰੀਂਹ ਦੀ,
ਜਿਹਦੀ ਛਣ-ਛਣ ਵਿਚ ਆਕਾਸ਼।

ਇਹਨੂੰ ਪਿਲਖਣ ਛਾਂਵਾਂ ਕੀਤੀਆਂ,
ਇਹਨੂੰ ਸਿੰਬਲ ਆਏ ਰਾਸ।
ਇਹਨੂੰ ਪਿੱਪਲ-ਪੱਤੀਆਂ ਸੋਂਹਦੀਆਂ,
ਬੋਹੜ ਦੇਣ ਧਰਵਾਸ।

ਰਾਇਲ ਪਾਮ ਜਿਹੀਆਂ ਗੋੱਲੀਆਂ,
ਇਹਦੇ ਪਹਿਰੇਦਾਰ ਅਸ਼ੋਕ।
ਇਹਦੇ ਮਾਜੂ ਵਰਗੇ ਸੰਤਰੀ,
ਜਿਹੜੇ ਮੌਤ ਖਲੋਂਦੇ ਰੋਕ।

ਰੋਜ਼ ਗਾਰਡਨ ਏਸ ਦਾ,
ਇਕੋ ਜੱਨਤ ਦਾ ਹਿੱਸਾ।
ਹਰ ਪੱਤੀ ਕਹੇ ਗੁਲਾਬ ਦੀ,
ਕਿਸੇ ਸੋਹਣੀ ਦਾ ਕਿੱਸਾ।

(ਅਖੇ) ਸੁੰਦਰੀ ਇਕ ਯੂਨਾਨ[3] ਦੀ,
ਇਕ ਆਸ਼ਕ ਤੋਂ ਕਤਰਾਅ।

ਛੁਪ ਬੈਠੀ ਮੰਦਰ ਜਾ ਕੇ,
ਇਕ ਫੁੱਲ ਦਾ ਰੂਪ ਵਟਾਅ।

ਤਦ ਦੇਵੀ ਸੁੱਚੇ ਪਿਆਰ ਦੀ,
ਉਹਦਾ ਰਖਿਆ ਨਾਮ ਗੁਲਾਬ।
ਉਹਦੇ ਆਸ਼ਕ ਤਦ ਤੋਂ ਭਟਕਦੇ,
ਤੇ ਫਿਰਦੇ ਨੀ ਬੇਤਾਬ।

ਨਾ ਰੰਗ ਨਵੇਂ ਨਿੱਤ ਬਦਲ ਨੀ,
ਨਾ ਰਾਹੀਆਂ ਤੋਂ ਸ਼ਰਮਾਅ।
ਤੈਨੂੰ ਫਿਰੇ ਪਸ਼ੌਰਾ ਢੂੰਡਦਾ,
ਕੁੜੇ ਹੁਣ ਤੇ ਨਜ਼ਰ ਮਿਲਾਅ।

---

1 ਲੀ ਕਾਰਬੂਜ਼ੀਅਰ, ਫ਼ਰਾਂਸੀਸੀ ਟਾਊਨ ਪਲੈਨਰ (ਆਰਕੀਟੈਕਟ)।
2 ਮਹਿੰਦਰ ਸਿੰਘ ਰੰਧਾਵਾ ਜੋ ਉਸ ਸਮੇਂ ਚੀਫ਼ ਕਮਿਸ਼ਨਰ ਸਨ।
3 ਯੂਨਾਨੀ ਮਿਥਿਹਾਸ।